28 Oct.-PTK-Pages.qxd 10/28/2025 10:34 PM Page 1








## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

**ਰੇਡੀਓ**



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **29 ਅਕਤੂਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ ਅਤੇ 30 ਅਕਤੂਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਜਬਰਤੋੜ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ **29 ਅਕਤੂਬਰ** ਨੂੰ ਸ਼ਾਮ 5.00 ਤੋਂ 7.00 ਵਜੇ ਤੱਕ **ਭਾਈ ਦਵਿੰਦਰ ਸਿੰਘ**, ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਗੁਰਸੇਵਕ ਸਿੰਘ** ਤੇ **30 ਅਕਤੂਬਰ** ਨੂੰ ਸਵੇਰੇ 3.45 ਵਜੇ ਤੋਂ 7.45 ਵਜੇ ਤੱਕ **ਭਾਈ ਜਬਰਤੋੜ ਸਿੰਘ ਤੇ ਭਾਈ ਗੁਰਜਿੰਦਰ ਸਿੰਘ** ਕੀਰਤਨ ਕਰਨਗੇ।

**ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.45 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।**

**ਮੁੱਖ ਵਾਕ ਦੀ ਕਥਾ :** 29 ਅਕਤੂਬਰ ਨੂੰ ਗਿਆਨੀ ਰਣਜੀਤ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ 30 ਅਕਤੂਬਰ ਨੂੰ ਬਾਬਾ ਬੰਤਾ ਸਿੰਘ ਮੁੰਡਾਪਿੰਡ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

# ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ 69ਵਾਂ ਅੰਤਰ-ਜ਼ਿਲ੍ਹਾ ਰਾਜ-ਪੱਧਰੀ ਟੇਬਲ ਟੈਨਿਸ ਮੁਕਾਬਲਾ ਸ਼ੁਰੂ

## 'ਆਪ' ਦੇ ਹਲਕਾ ਇੰਚਾਰਜ ਠਾਕੁਰ ਅਮਿਤ ਸਿੰਘ ਮੰਟੂ ਅਤੇ ਐਸ.ਡੀ.ਐਮ. ਮੇਜਰ ਡਾ. ਸੁਮਿਤ ਮੂਦ ਨੇ ਮੁਕਾਬਲੇ ਦਾ ਕੀਤਾ ਉਦਘਾਟਨ






69ਵੇਂ ਅੰਤਰ-ਜ਼ਿਲ੍ਹਾ ਰਾਜ-ਪੱਧਰੀ ਟੇਬਲ ਟੈਨਿਸ ਮੁਕਾਬਲੇ ਦਾ ਉਦਘਾਟਨ ਕਰਨ ਲਈ ਦੀਪ ਜਗਾਉਂਦੇ ਹੋਏ ਮੁੱਖ ਮਹਿਮਾਨ ਐਸ.ਡੀ.ਐਮ. ਮੇਜਰ ਡਾ. ਸੁਮਿਤ ਮੂਦ, ਜ਼ਿਲ੍ਹਾ ਸਿੱਖਿਆ ਅ਼ਫਸਰ (ਸੈ:) ਰਾਜੇਸ਼ ਕੁਮਾਰ, ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਕੁਮਾਰ ਤੇ ਹੋਰ ਤੇ 'ਆਪ' ਦੇ ਹਲਕਾ ਇੰਚਾਰਜ ਠਾਕੁਰ ਅਮਿਤ ਸਿੰਘ ਮੰਟੂ ਤੇ ਹੋਰ ਖਿਡਾਰੀਆਂ ਨਾਲ ਮੁਲਾਕਾਤ ਕਰਦੇ ਹੋਏ। ਤਸਵੀਰਾਂ: ਸੰਧੂ/ਰਣਜੀਤ ਸਿੰਘ

ਪਠਾਨਕੋਟ/ਸ਼ਾਹਪੁਰ ਕੰਢੀ, 28 ਅਕਤੂਬਰ (ਸੰਧੂ/ਰਣਜੀਤ ਸਿੰਘ)-ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਵਿਖੇ 69ਵਾਂ ਅੰਤਰ-ਜ਼ਿਲ੍ਹਾ ਰਾਜ-ਪੱਧਰੀ ਟੇਬਲ ਟੈਨਿਸ ਮੁਕਾਬਲਾ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ:) ਰਾਜੇਸ਼ ਕੁਮਾਰ ਦੀ ਪ੍ਰਧਾਨਗੀ ਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਕੁਮਾਰ ਦੀ ਦੇਖ ਰੇਖ ਹੇਠ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਲਈ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਵਿਖੇ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ 'ਚ 'ਆਪ' ਦੇ ਹਲਕਾ ਇੰਚਾਰਜ ਠਾਕੁਰ ਅਮਿਤ ਸਿੰਘ ਮੰਟੂ ਤੇ ਐਸ.ਡੀ.ਐਮ. ਮੇਜਰ ਡਾ: ਸੁਮਿਤ ਮੂਦ ਮੁੱਖ ਮਹਿਮਾਨ ਤੇ ਚੇਅਰਮੈਨ ਡਾ: ਅਮਿਤ ਭਾਰਦਵਾਜ, ਡੀ.ਈ.ਓ. (ਪ੍ਰਾ:) ਕਮਲਦੀਪ ਕੌਰ, ਡਿਪਟੀ ਡੀ.ਈ.ਓ. ਪ੍ਰਾਇਮਰੀ ਡੀ.ਜੀ. ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਸਮਾਗਮ ਦੌਰਾਨ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡੀ.ਪੀ. ਸ਼ਰਮਾ, ਚੇਅਰਪਰਸਨ ਰੇਣੂ ਸ਼ਰਮਾ, ਵਾਈਸ ਚੇਅਰਪਰਸਨ ਨਿਵੇਦਿਤਾ ਸੰਧੂ, ਜਗਬੀਰ ਸੰਧੂ, ਪ੍ਰਿੰਸੀਪਲ ਰਵਿੰਦਰ ਕੌਰ ਤੇ ਵਾਈਸ ਪ੍ਰਿੰਸੀਪਲ ਰੇਣੂਕਾ ਤ੍ਰਿਖਾ ਨੇ ਗੁਲਦਸਤੇ ਭੇਟ ਕਰਕੇ ਮਹਿਮਾਨਾਂ ਦਾ ਸਵਾਗਤ ਕੀਤਾ। ਸਭ ਤੋਂ ਪਹਿਲਾਂ ਮਹਿਮਾਨਾਂ ਨੇ ਸ਼ਮਾਂ ਰੌਸ਼ਨ ਕੀਤਾ ਤੇ ਫਿਰ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਖਿਡਾਰੀਆਂ ਨਾਲ ਜਾਣ-ਪਹਿਚਾਣ ਕਰਵਾਈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਮਾਰਚ ਪਾਸਟ ਕਰਕੇ ਸਲਾਮੀ ਦਿੱਤੀ। ਉਪਰੰਤ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਤੋਂ ਬਾਅਦ ਮਹਿਮਾਨਾਂ ਵਲੋਂ ਹਵਾ ਵਿਚ ਗੁਬਾਰੇ ਛੱਡ ਕੇ ਖੇਡ ਮੁਕਾਬਲੇ ਦੀ ਸ਼ੁਰੂਆਤ ਕੀਤੀ ਗਈ। ਜਾਣਕਾਰੀ ਦਿੰਦੇ ਹੋਏ 'ਆਪ' ਦੇ ਹਲਕਾ ਇੰਚਾਰਜ ਠਾਕੁਰ ਅਮਿਤ ਸਿੰਘ ਮੰਟੂ ਤੇ ਐੱਸ.ਡੀ.ਐਮ. ਮੇਜਰ ਡਾ: ਸੁਮਿਤ ਮੂਦ ਨੇ ਦੱਸਿਆ ਕਿ ਇਸ ਰਾਜ ਪੱਧਰੀ ਮੁਕਾਬਲੇ ਵਿਚ 23 ਜ਼ਿਲ੍ਹਿਆਂ ਦੇ ਲਗਭਗ 500 ਖਿਡਾਰੀ ਹਿੱਸਾ ਲੈ ਰਹੇ ਹਨ ਤੇ 28 ਅਕਤੂਬਰ ਤੋਂ 2 ਨਵੰਬਰ ਤੱਕ ਸਿੱਖਿਆ ਵਿਭਾਗ ਵਲੋਂ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਪਠਾਨਕੋਟ ਵਿਖੇ ਲੜਕਿਆਂ ਤੇ ਲੜਕੀਆਂ ਲਈ ਰਾਜ ਪੱਧਰੀ ਅੰਡਰ-14, ਅੰਡਰ-17, ਅੰਡਰ-19 ਟੇਬਲ ਟੈਨਿਸ ਮੈਚ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ 28 ਅਕਤੂਬਰ ਤੋਂ 30 ਅਕਤੂਬਰ ਤੱਕ ਲੜਕਿਆਂ ਦੇ ਮੈਚ ਅਤੇ 31 ਅਕਤੂਬਰ ਤੋਂ 2 ਨਵੰਬਰ ਤੱਕ ਲੜਕੀਆਂ ਦੇ ਮੈਚ ਹੋਣਗੇ। ਉਨ੍ਹਾਂ ਸਕੂਲ ਦੇ ਪ੍ਰਧਾਨ ਡੀ.ਪੀ. ਸ਼ਰਮਾ, ਚੇਅਰਪਰਸਨ ਰੇਣੂ ਸ਼ਰਮਾ ਤੇ ਵਾਈਸ ਚੇਅਰਪਰਸਨ ਨਿਵੇਦਿਤਾ ਸੰਧੂ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਰਵਿੰਦਰ ਸਿੰਘ ਜੱਗਾ, ਜਸਪ੍ਰੀਤ ਸਿੰਘ ਰਾਣਾ, ਪ੍ਰਿੰਸੀਪਲ ਸ਼ੁਭਰਾ ਰਾਣੀ, ਪ੍ਰਿੰਸੀਪਲ ਰਸ਼ਮੀ ਆਹਲੂਵਾਲੀਆ, ਪ੍ਰਿੰਸੀਪਲ ਸਿਸਟਰ ਫਰੀਦਾ, ਪ੍ਰਿੰਸੀਪਲ ਵਿਜਯੰਤ ਸ਼ਰਮਾ, ਪ੍ਰਿੰਸੀਪਲ ਨਸੀਬ ਸਿੰਘ ਸੈਣੀ, ਮੁੱਖ ਅਧਿਆਪਕਾ ਰਵਿੰਦਰ ਕੌਰ, ਸੁਮਨ ਬਾਲਾ, ਮੋਨਿਕਾ ਮਹਾਜਨ, ਮੁੱਖ ਅਧਿਆਪਕ ਰਵੀ ਕਾਂਤ, ਪ੍ਰਿੰਸੀਪਲ ਰਾਕੇਸ਼ ਮਹਾਜਨ, ਪ੍ਰਿੰਸੀਪਲ ਮੋਨਿਕਾ ਵਿਜਾਨ, ਪ੍ਰਿੰਸੀਪਲ ਪੰਕਜ ਗੁਪਤਾ, ਪ੍ਰਿੰਸੀਪਲ ਨਿਰਭੈ ਸਿੰਘ, ਟੈਕਨੀਕਲ ਮੈਂਬਰ ਹਰੀਸ਼ ਕੁਮਾਰ, ਸੰਜੀਵ ਕੁਮਾਰ, ਮਨਦੀਪ ਸਿੰਘ, ਅਮਰਦੀਪ ਸਿੰਘ, ਕੁਲਵਿੰਦਰ ਸਿੰਘ, ਹਰਸਿਮਰਨਜੀਤ ਸਿੰਘ, ਸੁਮੇਸ਼ ਸ਼ਰਮਾ, ਮਾਸਟਰ ਭਜਨ ਦਾਸ, ਅਵਤਾਰ ਸਿੰਘ, ਸੁਲਕਸ਼ਣਾ, ਪੂਜਾ ਪਠਾਨੀਆ, ਮਰੀਦੁਭਾਸ਼ੀਨੀ, ਸੁਸ਼ੀਲ ਕੁਮਾਰ, ਪਵਨ ਸਵਾਮੀ, ਮਦਨ ਲਾਲ, ਅੰਮ੍ਰਿਤਪਾਲ ਕੌਰ, ਮਨਜੀਤ ਸਿੰਘ, ਨੇਹਾ ਮਹਾਜਨ, ਰਾਜ ਕੁਮਾਰ, ਨੀਰਜ ਪਰਾਸ਼ਰ, ਪਵਨ ਕਾਲੀਆ, ਅਸ਼ਵਨੀ ਕੁਮਾਰ ਕਥਲੌਰ, ਅਨੂ ਅਤੇ ਸੋਨੂੰ ਆਦਿ ਹਾਜ਼ਰ ਸਨ।



ਗੰਦਗੀ ਦੇ ਢੇਰ 'ਤੇ ਸਪਰੇਅ ਕਰਦਾ ਹੋਇਆ ਸਿਹਤ ਕਰਮਚਾਰੀ। ਤਸਵੀਰ: ਵਿਨੋਦ

# ਪਠਾਨਕੋਟ 'ਚ ਵਧਿਆ ਡੇਂਗੂ ਦਾ ਡੰਗ

## ਡੇਂਗੂ ਦੇ ਮਾਮਲੇ ਹੋਏ 101

ਪਠਾਨਕੋਟ, 28 ਅਕਤੂਬਰ (ਵਿਨੋਦ)-ਜ਼ਿਲ੍ਹੇ 'ਚ ਡੇਂਗੂ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਸਿਹਤ ਵਿਭਾਗ ਵਲੋਂ ਮੰਗਲਵਾਰ ਨੂੰ ਜਾਰੀ ਕੀਤੀ ਗਈ ਇਕ ਰਿਪੋਰਟ 'ਚ ਡੇਂਗੂ ਦੇ ਪੰਜ ਨਵੇਂ ਮਾਮਲਿਆਂ ਦੀ ਪੁਸ਼ਟੀ ਹੋਈ ਹੈ। ਜਿਸ ਨਾਲ ਜ਼ਿਲ੍ਹੇ 'ਚ ਡੇਂਗੂ ਦੇ ਕੁੱਲ ਮਰੀਜ਼ਾਂ ਦੀ ਗਿਣਤੀ 101 ਹੋ ਗਈ ਹੈ। ਸਿਹਤ ਵਿਭਾਗ ਅਨੁਸਾਰ ਮੰਗਲਵਾਰ ਨੂੰ ਰਿਪੋਰਟ ਕੀਤੇ ਗਏ 5 ਮਾਮਲਿਆਂ 'ਚੋਂ ਇਕ ਸਲਾਰੀਆ ਨਗਰ, ਇਕ ਤਾਰਾਗੜ੍ਹ, ਦੋ ਬੁੰਗਲ ਬਧਾਨੀ ਤੇ ਇਕ ਦੌਲਤਪੁਰ ਢਾਕੀ ਦਾ ਸੀ। ਜ਼ਿਲ੍ਹਾ ਮਹਾਂਮਾਰੀ ਵਿਗਿਆਨੀ ਡਾ: ਸਚਿਨ ਗੁਲੇਰੀਆ ਨੇ ਦੱਸਿਆ ਕਿ ਜਾਂਚ ਕੀਤੇ ਗਏ 58 ਨਮੂਨਿਆਂ 'ਚੋਂ ਪੰਜ ਡੇਂਗੂ ਪਾਜ਼ੀਟਿਵ ਪਾਏ ਗਏ। ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਇਸ ਵੇਲੇ ਸਰਗਰਮ ਡੇਂਗੂ ਦੇ ਮਾਮਲਿਆਂ ਦੀ ਗਿਣਤੀ 9 ਹੈ। ਡਾ: ਗੁਲੇਰੀਆ ਨੇ ਦੱਸਿਆ ਕਿ ਜਿਵੇਂ ਹੀ ਕਿਸੇ ਖੇਤਰ ਵਿਚ ਡੇਂਗੂ-ਪਾਜ਼ੀਟਿਵ ਕੇਸ ਦਾ ਪਤਾ ਲੱਗਦਾ ਹੈ। ਵਿਭਾਗ ਦੀਆਂ ਟੀਮਾਂ ਤੁਰੰਤ ਖੇਤਰ ਦਾ ਦੌਰਾ ਕਰਦੀਆਂ ਹਨ, ਤਾਂ ਜੋ ਸਰਵੇਖਣ, ਜਾਗਰੂਕਤਾ ਮੁਹਿੰਮਾਂ, ਮੱਛਰ ਭਜਾਉਣ ਵਾਲੇ ਸਪਰੇਅ ਅਤੇ ਸ਼ੱਕੀ ਬੁਖ਼ਾਰ ਦੇ ਮਰੀਜ਼ਾਂ ਦੀ ਸਲਾਈਡ ਟੈਸਟਿੰਗ ਕੀਤੀ ਜਾ ਸਕੇ। ਲੋਕਾਂ ਨੂੰ ਇਹ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਉਹ ਆਪਣੇ ਘਰਾਂ ਦੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦੇਣ, ਕਿਉਂਕਿ ਇਹ ਪਾਣੀ ਡੇਂਗੂ ਮੱਛਰ ਦੇ ਲਾਰਵੇ ਲਈ ਮੁੱਖ ਪ੍ਰਜਨਨ ਸਥਾਨ ਹੈ। ਸਿਹਤ ਵਿਭਾਗ ਨੇ ਹੁਣ ਤੱਕ 1,07,485 ਘਰਾਂ ਦਾ ਸਰਵੇਖਣ ਕੀਤਾ ਹੈ, ਜਿਨ੍ਹਾਂ ਵਿਚੋਂ 1,096 ਘਰਾਂ ਵਿਚ ਡੇਂਗੂ ਦਾ ਲਾਰਵਾ ਮਿਲਿਆ ਸੀ, ਜਿਨ੍ਹਾਂ ਨੂੰ ਵਿਭਾਗ ਦੀਆਂ ਟੀਮਾਂ ਨੇ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ। ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੱਛਰਾਂ ਦੇ ਲਾਰਵੇ ਨੂੰ ਪ੍ਰਜਨਨ ਤੋਂ ਰੋਕਣ ਲਈ ਕੂਲਰਾਂ, ਟੈਂਕੀਆਂ ਅਤੇ ਫੁੱਲਾਂ ਦੇ ਗਮਲਿਆਂ ਵਿਚ ਪਾਣੀ ਨਿਯਮਿਤ ਤੌਰ 'ਤੇ ਬਦਲਣ।

# ਮਾਸਟਰ ਲੇਖ ਰਾਜ ਯਾਦਗਾਰੀ ਦੋ-ਰੋਜ਼ਾ ਵਾਲੀਬਾਲ, ਪੰਚਾਇਤ ਪੱਧਰ ਤੇ ਓਪਨ ਮੁਕਾਬਲਾ ਸਮਾਪਤ

ਘਰੋਟਾ, 28 ਅਕਤੂਬਰ (ਸੰਜੀਵ ਗੁਪਤਾ)-ਪ੍ਰਾਚੀਨ ਸ਼ਿਵ ਮੰਦਿਰ ਸੁਧਾਰ ਸਭਾ ਕਾਠਗੜ੍ਹ ਵਿਖੇ ਮਾਸਟਰ ਲੇਖ ਰਾਜ ਯਾਦਗਾਰੀ ਦੋ-ਰੋਜ਼ਾ ਵਾਲੀਬਾਲ, ਪੰਚਾਇਤ ਪੱਧਰ ਤੇ ਓਪਨ ਮੁਕਾਬਲਾ ਕਰਵਾਇਆ। ਜਿਸ ਵਿਚ ਵੱਖ-ਵੱਖ ਉਮਰ ਸਮੂਹਾਂ ਦੀਆਂ ਦੌੜਾਂ ਵੀ ਸ਼ਾਮਿਲ ਸਨ। 100 ਮੀਟਰ ਦੌੜ 'ਚ ਕੇ ਕਟੋਚ ਪਹਿਲੇ, ਰਾਜਵੀਰ ਸਿੰਘ ਦੂਜੇ ਤੇ ਆਰਿਫ਼ 10 ਸਾਲ ਦੇ ਮੁੰਡਿਆਂ ਦੇ ਵਰਗ ਵਿਚ ਤੀਜੇ ਸਥਾਨ 'ਤੇ ਰਹੇ। 10-12 ਸਾਲ ਦੇ ਵਰਗ ਵਿਚ ਅੰਕੁਸ਼ ਕੁਮਾਰ ਪਹਿਲੇ, ਅਭਿਨਾਸ਼ ਕੁਮਾਰ ਦੂਜੇ ਅਤੇ ਦੇਵਾਂਸ਼ ਤੀਜੇ ਸਥਾਨ 'ਤੇ ਰਹੇ, 200 ਮੀਟਰ ਦੌੜ ਵਿੱਚ, ਮਨੀਸ਼ ਸਰਨਾਲ 12-14 ਸਾਲ ਦੇ ਵਰਗ ਵਿੱਚ ਪਹਿਲੇ, ਹਿਮਾਂਸ਼ੂ ਮੇਹਲੀ ਦੂਜੇ, ਅੰਕਿਤ ਕੁਮਾਰ ਤੀਜੇ ਸਥਾਨ 'ਤੇ ਰਹੇ, 15-17 ਸਾਲ ਦੇ ਵਰਗ ਵਿਚ ਪ੍ਰਥਮ ਸਿੰਘ ਪਹਿਲੇ, ਕਨਿਸ਼ ਦੂਜੇ ਅਤੇ ਸਕਸ਼ਮ ਠਾਕੁਰ ਤੀਜੇ ਸਥਾਨ 'ਤੇ ਰਹੇ, 18 ਅਤੇ ਇਸ ਤੋਂ ਉੱਪਰ ਦੇ ਵਰਗ ਵਿਚ ਪਾਰਸ ਸ਼ਰਮਾ ਪਹਿਲੇ, ਰਾਹੁਲ ਕੁਮਾਰ ਦੂਜੇ, ਅਰਜੁਨ ਸਿੰਘ ਤੀਜੇ ਸਥਾਨ 'ਤੇ ਰਹੇ। ਇਸ ਦੇ ਨਾਲ ਹੀ ਪੰਚਾਇਤ ਪੱਧਰੀ ਵਾਲੀਬਾਲ ਮੁਕਾਬਲੇ 'ਚ ਪਹਿਲੇ, ਦੂਜੇ, ਤੀਜੇ, ਚੌਥੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਨੂੰ 11000, 7100, 5100, 4100 ਰੁਪਏ ਦੇ ਨਕਦ ਅਤੇ ਯਾਦਗਾਰੀ ਚਿੰਨ੍ਹ ਅਤੇ ਇਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪਰ ਓਪਨ ਮੁਕਾਬਲੇ ਵਿਚ ਪੰਜਾਬ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਦੀਆਂ 6 ਨਾਮਵਰ ਟੀਮਾਂ ਵਿਚਕਾਰ ਸਖ਼ਤ ਮੁਕਾਬਲਾ ਹੋਇਆ। ਜਿਸ ਵਿਚ ਐਸ.ਐਸ.ਐਮ. ਕਾਲਜ ਦੀਨਾਨਗਰ ਪੀ.ਏ.ਪੀ. ਜਲੰਧਰ, ਲਖਨਊ ਉੱਤਰ ਪ੍ਰਦੇਸ਼ ਅਤੇ ਜਗਦੇਵ ਕਲਾਂ ਦੀਆਂ ਟੀਮਾਂ ਸੈਮੀਫਾਈਨਲ ਵਿਚ ਪਹੁੰਚੀਆਂ। ਇਸ ਦੌਰਾਨ ਇਕ ਪੰਚਾਇਤ ਪੱਧਰੀ ਰੱਸਾਕਸ਼ੀ ਮੁਕਾਬਲਾ ਵੀ ਕਰਵਾਇਆ ਗਿਆ। ਜਿਸ ਵਿਚ ਜੇਤੂ ਟੀਮ ਨੂੰ 8100 ਰੁਪਏ, ਉਪ ਜੇਤੂ ਨੂੰ 6100 ਰੁਪਏ ਤੇ ਇਕ ਯਾਦਗਾਰੀ ਚਿੰਨ੍ਹ ਦਿੱਤਾ ਗਿਆ, ਜੋ ਕਿ ਕੱਲ੍ਹ ਦੇਰ ਰਾਤ ਸਮਾਪਤ ਹੋਇਆ। ਓਪਨ ਵਾਲੀਬਾਲ ਮੁਕਾਬਲੇ ਵਿਚ 6 ਟੀਮਾਂ ਨੇ ਹਿੱਸਾ ਲਿਆ। ਜਿਸ ਵਿਚ ਸਖ਼ਤ ਮੁਕਾਬਲਾ ਹੋਇਆ ਤੇ ਫਾਈਨਲ ਮੈਚ ਐਸ.ਐਸ.ਐਮ. ਕਾਲਜ ਦੀਨਾਨਗਰ ਤੇ ਜਗਦੇਵ ਕਲਾਂ (ਅੰਮ੍ਰਿਤਸਰ) ਵਿਚਕਾਰ ਹੋਇਆ ਅਤੇ ਸਖ਼ਤ ਤੇ ਦਿਲਚਸਪ ਮੁਕਾਬਲੇ ਦੌਰਾਨ ਜਗਦੇਵ ਕਲਾਂ ਦੀ ਟੀਮ ਜੇਤੂ ਰਹੀ। ਸਭਾ ਦੇ ਪ੍ਰਧਾਨ ਓਮ ਪ੍ਰਕਾਸ਼ ਕਟੋਚ ਅਤੇ ਹੋਰ ਅਧਿਕਾਰੀਆਂ ਨੇ ਜੇਤੂ ਟੀਮ ਨੂੰ ਟਰਾਫ਼ੀ ਤੇ 41000 ਰੁਪਏ, ਉਪ ਜੇਤੂ ਨੂੰ ਵੀ ਟਰਾਫ਼ੀ ਤੇ 31000 ਰੁਪਏ ਦੇ ਕੇ ਸਨਮਾਨਿਤ ਕੀਤਾ। ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰੈੱਸ ਸਕੱਤਰ ਸੁਰਿੰਦਰ ਸ਼ਰਮਾ ਨੇ ਦੱਸਿਆ ਕਿ ਸਭਾ ਵਲੋਂ ਮੈਨ ਆਫ਼ ਦ ਮੈਚ ਵੀ ਦਿੱਤਾ ਗਿਆ।




ਐਮ.ਟੀ.ਸੀ. ਹਰੀਸ਼ ਸੰਮਾ ਤੇ ਕਮੇਟੀ ਮੈਂਬਰ ਜਾਣਕਾਰੀ ਦਿੰਦੇ ਹੋਏ। ਤਸਵੀਰ: ਮਹਿਰਾ

# ਸਤਿਗੁਰੂ ਕਬੀਰ ਡਰਾਮੈਟਿਕ ਕਲੱਬ ਮਾਧੋਪੁਰ ਕੁਲੀਆਂ ਵਿਖੇ ਜਾਗਰਨ 1 ਨੂੰ

ਮਾਧੋਪੁਰ, 28 ਅਕਤੂਬਰ (ਮਹਿਰਾ)-ਸਤਿਗੁਰੂ ਕਬੀਰ ਡਰਾਮੈਟਿਕ ਕਲੱਬ ਮਾਧੋਪੁਰ ਕੁਲੀਆਂ ਵਿਖੇ ਸਲਾਨਾ ਜਾਗਰਨ 1 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਯੂਥ ਕਾਂਗਰਸ ਆਗੂ ਤੇ ਐਮ.ਟੀ.ਸੀ. ਹਰੀਸ਼ ਕੁਮਾਰ ਸੰਮਾ, ਨਰੇਸ਼ ਕੁਮਾਰ, ਰਜਤ ਭਗਤ, ਹੀਰਾ ਲਾਲ, ਵਿਨੋਦ ਕੁਮਾਰ, ਛੋਟੂ ਤੇ ਹੋਰ ਮੈਂਬਰਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿਗੁਰੂ ਕਬੀਰ ਡਰਾਮੈਟਿਕ ਕਲੱਬ ਮਾਧੋਪੁਰ ਕੁਲੀਆਂ ਵਲੋਂ ਦਿਨ ਵੇਲੇ ਭੰਡਾਰਾ ਕਰਵਾਇਆ ਜਾਵੇਗਾ ਤੇ ਸ਼ਾਮ ਨੂੰ ਜਾਗਰਨ ਪਾਰਟੀ ਦੇ ਭਜਨ ਗਾਇਕ ਮਹਾਂਮਾਈ ਦਾ ਗੁਣਗਾਨ ਕਰਨਗੇ।

# ਉਸਾਰੀ ਕਿਰਤੀ 3 ਨਵੰਬਰ ਨੂੰ ਕਾਮਰੇਡ ਸੰਸਾਰ ਸਿੰਘ ਲਦਪਾਲਵਾਂ ਨੂੰ ਭੇਟ ਕਰਨਗੇ ਸ਼ਰਧਾਂਜਲੀ

## ਲਦਪਾਲਵਾਂ ਵਿਖੇ ਤੀਸਰੀ ਬਰਸੀ ਮੌਕੇ ਹੋਵੇਗੀ ਸਿਆਸੀ ਕਾਨਫ਼ਰੰਸ

ਤਾਰਾਗੜ੍ਹ, 28 ਅਕਤੂਬਰ (ਸੋਹਨ ਲਾਲ)-ਕਿਰਤੀ ਮਜ਼ਦੂਰਾਂ ਦੇ ਆਗੂ ਕਾਮਰੇਡ ਸੰਸਾਰ ਸਿੰਘ ਲਦਪਾਲਵਾਂ ਨੂੰ ਉਨ੍ਹਾਂ ਦੀ ਤੀਸਰੀ ਬਰਸੀ ਮੌਕੇ ਯਾਦ ਕਰਦਿਆਂ 3 ਨਵੰਬਰ ਨੂੰ ਇੰਡੀਅਨ ਫੈਡਰੇਸ਼ਨ ਆਫ਼ ਟਰੇਡ ਯੂਨੀਅਨਜ਼ ਵਲੋਂ ਸਿਆਸੀ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ ਗਿਆ ਹੈ। ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ (ਇਫਟੂ) ਦੇ ਜ਼ਿਲ੍ਹਾ ਪ੍ਰਧਾਨ ਵਿਜੈ ਕੁਮਾਰ ਜਗਤਪੁਰ ਦੀ ਅਗਵਾਈ ਵਿਚ ਹੋਈ ਮੀਟਿੰਗ 'ਚ ਆਗੂਆਂ ਵਲੋਂ ਐਲਾਨ ਕਰਦਿਆਂ ਕਿਹਾ ਕਿ ਇੰਡੀਅਨ ਫੈਡਰੇਸ਼ਨ ਆਫ਼ ਟਰੇਡ ਯੂਨੀਅਨਜ਼ ਦੇ ਆਗੂ ਕਾਮਰੇਡ ਸੰਸਾਰ ਸਿੰਘ ਲਦਪਾਲਵਾਂ ਆਪਣੇ ਵਿਦਿਆਰਥੀ ਜੀਵਨ ਤੋਂ ਹੀ ਕਿਰਤੀ ਕਾਮਿਆਂ ਦੇ ਹੱਕਾਂ ਦੀ ਲੜਾਈ ਲੜਦੇ ਰਹੇ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਇਫਟੂ ਦੇ ਸੂਬਾ ਵਿੱਤ ਸਕੱਤਰ ਜੋਗਿੰਦਰ ਪਾਲ ਪਨਿਆੜ ਅਤੇ ਜ਼ਿਲ੍ਹਾ ਪ੍ਰੈਸ ਸਕੱਤਰ ਕਮਲ ਕਿਸ਼ੋਰ ਗੁਰਦਾਸਪੁਰ ਭਾਈਆਂ ਨੇ ਕਿਹਾ ਕਿ ਅਜੋਕੇ ਸਮੇਂ 'ਚ ਜਦ ਕੇਂਦਰ ਸਰਕਾਰ ਫਾਸੀਵਾਦੀ ਘੋੜੇ ਉੱਪਰ ਸਵਾਰ ਦੇਸ਼ ਦੇ ਆਮ ਕਿਰਤੀ ਕਾਮਿਆਂ ਖ਼ਿਲਾਫ਼ ਨੀਤੀਆਂ ਉੱਪਰ ਮੋਹਰ ਲਗਾ ਰਹੀ ਹੈ ਤੇ ਲੋਕਾਂ ਦਾ ਧਿਆਨ ਭਟਕਾਉਣ ਹੇਤੂ ਉਨ੍ਹਾਂ ਨੂੰ ਧਰਮਾਂ ਦੇ ਨਾਮ ਉੱਪਰ ਲੜਾ ਰਹੀ ਹੈ ਤਾਂ ਕਾਮਰੇਡ ਸੰਸਾਰ ਸਿੰਘ ਲਦਪਾਲਵਾਂ ਜਿਹੇ ਸਿਰਲੱਥ ਯੋਧਿਆਂ ਦੀ ਸਮਾਜ ਨੂੰ ਬੜੀ ਜ਼ਰੂਰਤ ਹੈ। ਆਗੂਆਂ ਨੇ ਐਲਾਨ ਕਰਦਿਆਂ ਕਿਹਾ ਕਿ 3 ਨਵੰਬਰ ਨੂੰ ਕਾਮਰੇਡ ਸੰਸਾਰ ਸਿੰਘ ਲਦਪਾਲਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਤੀਸਰੀ ਬਰਸੀ ਮੌਕੇ ਸੈਂਕੜੇ ਕਾਮਰੇਡ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਨਗੇ।




ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਮੈਂਬਰ ਮੀਟਿੰਗ ਦੌਰਾਨ। ਤਸਵੀਰ: ਸੋਹਨ ਲਾਲ



ਸਮਿਤੀ ਮੈਂਬਰ ਗਊਸ਼ਾਲਾ ਵਿਖੇ ਕਾਰ ਸੇਵਾ ਕਰਦੇ ਹੋਏ। ਤਸਵੀਰ : ਸੰਧੂ

# ਗੋਪਾਲ ਧਾਮ ਗਊਸ਼ਾਲਾ ਵਿਖੇ ਕੀਤੀ ਕਾਰ ਸੇਵਾ

ਪਠਾਨਕੋਟ, 28 ਅਕਤੂਬਰ (ਸੰਧੂ)-30 ਅਕਤੂਬਰ ਨੂੰ ਸਰਕੂਲਰ ਰੋਡ 'ਤੇ ਸਥਿਤ ਗੋਪਾਲ ਧਾਮ ਗਊਸ਼ਾਲਾ ਵਿਖੇ ਧੂਮਧਾਮ ਨਾਲ ਮਨਾਏ ਜਾ ਰਹੇ ਗੋਪਾਲ ਅਸ਼ਟਮੀ ਤਿਉਹਾਰ ਨੂੰ ਮਨਾਉਣ ਲਈ ਪ੍ਰਧਾਨ ਵਿਜੇ ਪਾਸੀ ਦੀ ਪ੍ਰਧਾਨਗੀ ਹੇਠ ਗਊਸ਼ਾਲਾ ਪਰਿਸਰ ਵਿਚ ਇਕ ਕਾਰ ਸੇਵਾ ਦਾ ਆਯੋਜਨ ਕੀਤਾ ਗਿਆ। ਜਿਸ 'ਚ ਹਿੰਦੂ ਸਹਿਕਾਰੀ ਬੈਂਕ ਦੇ ਚੇਅਰਮੈਨ ਸਤੀਸ਼ ਮਹਿੰਦਰੂ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਉਨ੍ਹਾਂ ਗਊਸ਼ਾਲਾ ਕਮੇਟੀ ਮੈਂਬਰਾਂ ਨਾਲ ਮਿਲ ਕੇ ਗਊਸ਼ਾਲਾ ਪਰਿਸਰ ਦੀ ਸਫ਼ਾਈ ਕੀਤੀ ਤੇ ਗਾਵਾਂ ਦੀ ਸੇਵਾ ਕੀਤੀ। ਪ੍ਰਧਾਨ ਵਿਜੇ ਪਾਸੀ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਗਊਸ਼ਾਲਾ ਪਰਿਸਰ ਵਿਚ ਗੋਪਾਲ ਅਸ਼ਟਮੀ ਧੂਮਧਾਮ ਨਾਲ ਮਨਾਈ ਜਾਵੇਗੀ। ਵੱਡੀ ਗਿਣਤੀ 'ਚ ਸ਼ਹਿਰ ਵਾਸੀ ਤੇ ਪਤਵੰਤੇ ਇਸ ਵਿਚ ਹਿੱਸਾ ਲੈਣਗੇ। ਇਸ ਮੌਕੇ ਪ੍ਰੇਮ ਗਰਗ, ਰਾਜ ਚੰਚਲ, ਡਾਕਟਰ ਐਮ.ਐਲ. ਅੱਤਰੀ ਅਤੇ ਹੋਰ ਮੌਜੂਦ ਸਨ।

# ਮੌਂਟੇਸਰੀ ਕੈਂਬਰਿਜ ਸਕੂਲ ਦੇ ਵਿਦਿਆਰਥੀਆਂ ਨੇ ਗ੍ਰੀਨ ਪੇਟਲਸ ਟਰੱਸਟ ਇੰਟਰ ਸਕੂਲ ਲੇਖ ਮੁਕਾਬਲਾ ਸਫ਼ਲਤਾ ਪੂਰਵਕ ਜਿੱਤਿਆ

ਪਠਾਨਕੋਟ, 28 ਅਕਤੂਬਰ (ਸੰਧੂ)-ਮੌਂਟੇਸਰੀ ਕੈਂਬਰਿਜ ਸਕੂਲ ਪਠਾਨਕੋਟ ਨੇ ਗ੍ਰੀਨ ਪੇਟਲਸ ਟਰੱਸਟ ਇੰਟਰ-ਸਕੂਲ ਲੇਖ ਮੁਕਾਬਲਾ 2025 'ਚ ਆਪਣੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਐਲਾਨ ਕੀਤਾ। ਵੱਡੀ ਗਿਣਤੀ 'ਚ ਐਮ.ਸੀ.ਐਸ. ਵਿਦਿਆਰਥੀਆਂ ਨੇ ਮੁਕਾਬਲੇ ਵਿਚ ਉਤਸ਼ਾਹ ਨਾਲ ਹਿੱਸਾ ਲਿਆ, ਆਪਣੀ ਰਚਨਾਤਮਿਕਤਾ, ਜਾਗਰੂਕਤਾ ਤੇ ਭਾਸ਼ਾ ਦੀ ਮੁਹਾਰਤ ਦਾ ਪ੍ਰਦਰਸ਼ਨ ਕੀਤਾ। ਵੱਖ-ਵੱਖ ਜਮਾਤਾਂ ਦੇ ਪ੍ਰਤਿਭਾਸ਼ਾਲੀ ਜੇਤੂਆਂ 'ਚ ਅਰਸ਼ਨੂਰ (ਤੀਜੀ ਜਮਾਤ), ਤਨੂਰੀਤ ਕੌਰ (ਤੀਜੀ ਜਮਾਤ), ਭਾਵਿਕਾ (ਤੀਜੀ ਜਮਾਤ), ਅਦਵਿਤਾ (ਚੌਥੀ ਜਮਾਤ), ਵੇਦਾਂਤ (ਚੌਥੀ ਜਮਾਤ), ਇਸ਼ਿਤਾ (ਚੌਥੀ ਜਮਾਤ), ਮਨਮੀਤ ਸਿੰਘ (5ਵੀਂ ਜਮਾਤ), ਮਾਇਰਾ ਵਰਮਾ (5ਵੀਂ ਜਮਾਤ), ਰੇਯਾਂਸ਼ (5ਵੀਂ ਜਮਾਤ), ਯੁਕਤ ਏ (6ਬੀ), ਸਮਰਿਧੀ (6ਈ), ਭਵਯ (6ਈ), ਵਿਦਿਸ਼ਾ (7 ਐਫ ), ਅਨਾਮਿਕਾ (7 ਜੀ), ਵਸੁਧ (7ਸੀ), ਨਿਹਾਰਿਕਾ ਪਠਾਨੀਆ (8ਏ), ਹੇਜ਼ਲ ਖਜੂਰੀਆ (8ਜੀ), ਗੁਲਰੋਜ਼ ਕੌਰ (8ਬੀ), ਵ੍ਰਿਤੀ (9ਸੀ), ਰਸਮੀਨ (9ਏ), ਅਨੰਨਿਆ ਸ਼ਰਮਾ (9ਏ), ਪੀਹੂ (10 ਸੀ), ਕਥਿਉਨ (10 ਡੀ.), ਸਾਕੇਥਾ (10 ਏ), ਸਮਾਨਯਾ ਚਾਟਕ (11 ਕਾਮਰਸ), ਸੀਆ ਸ਼ਰਮਾ (11), ਸੰਜੀਵਨੀ ਗੁਪਤਾ (11 ਐਚ), ਆਧਿਆ (12ਏ), ਤਾਸ਼ੀ ਸ਼ਰਮਾ (12ਡੀ) ਤੇ ਮਿਤਾਲੀ (12 ਏ) ਸ਼ਾਮਿਲ ਹਨ। ਸਕੂਲ ਮੈਨੇਜਮੈਂਟ ਪ੍ਰਧਾਨ ਵਿਨੋਦ ਮਹਾਜਨ, ਮੀਤ ਪ੍ਰਧਾਨ ਆਕਾਸ਼ ਮਹਾਜਨ ਅਤੇ ਪ੍ਰਿੰਸੀਪਲ ਰਸ਼ਮੀ ਆਹਲੂਵਾਲੀਆ ਸਮੇਤ ਫੈਕਲਟੀ ਤੇ ਸਟਾਫ਼ ਨੇ ਸਾਰੇ ਜੇਤੂਆਂ ਨੂੰ ਉਨ੍ਹਾਂ ਦੀ ਮਿਹਨਤ, ਮੌਲਿਕਤਾ ਤੇ ਸਾਹਿਤਿਕ ਪ੍ਰਤਿਭਾ ਲਈ ਵਧਾਈ ਦਿੱਤੀ।



ਮੌਂਟੇਸਰੀ ਕੈਂਬਰਿਜ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਰਸ਼ਮੀ ਆਹਲੂਵਾਲੀਆ। ਤਸਵੀਰ: ਸੰਧੂ

# ਐਸ.ਬੀ.ਆਈ. ਪੈਨਸ਼ਨਰਜ਼ ਐਸੋਸੀਏਸ਼ਨ ਵਲੋਂ ਸ਼ੰਮੀ ਚੌਧਰੀ ਦਾ ਸਨਮਾਨ

ਪਠਾਨਕੋਟ, 28 ਅਕਤੂਬਰ (ਸੰਧੂ)-ਐਸ.ਬੀ.ਆਈ. ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਪਠਾਨਕੋਟ ਦੀ ਮਹੀਨਾਵਾਰ ਮੀਟਿੰਗ ਸਥਾਨਕ ਆਰ.ਬੀ.ਓ. ਦਫ਼ਤਰ ਦੇ ਸੈਮੀਨਾਰ ਹਾਲ ਵਿਚ ਹੋਈ। ਮੀਟਿੰਗ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਪ੍ਰਧਾਨ ਹਰੀਸ਼ ਗੁਪਤਾ ਤੇ ਏ.ਜੀ.ਐਸ. ਮਡਿਊਲ ਮੋਹਾਲੀ ਦੇ ਜਨਰਲ ਸਕੱਤਰ ਅਸ਼ੋਕ ਵਡੈਹਰਾ ਨੇ ਕੀਤੀ। ਇਸ ਮੌਕੇ ਰਾਮਾ ਡਰਾਮੈਟਿਕ ਕਲੱਬ ਪਠਾਨਕੋਟ ਦੇ ਪ੍ਰਧਾਨ ਤੇ ਥੀਏਟਰ ਸ਼ਖ਼ਸੀਅਤ ਸ਼ੰਮੀ ਚੌਧਰੀ ਮੁੱਖ ਮਹਿਮਾਨ ਸਨ ਤੇ ਐਸੋਸੀਏਸ਼ਨ ਵਲੋਂ ਹਾਰਾਂ ਤੇ ਗੁਲਦਸਤੇ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਪ੍ਰਧਾਨ ਹਰੀਸ਼ ਮਹਾਜਨ ਤੇ ਜਨਰਲ ਸਕੱਤਰ ਅਸ਼ੋਕ ਵਡੈਹਰਾ ਨੇ ਮੀਟਿੰਗ ਨੂੰ ਦੱਸਿਆ ਕਿ ਐਸੋਸੀਏਸ਼ਨ ਪੈਨਸ਼ਨਰਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਰਚਾ ਕਰਨ, ਉਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਤੇ ਉਨ੍ਹਾਂ ਦੇ ਦੁੱਖ-ਸੁੱਖ ਸਾਂਝੇ ਕਰਨ ਲਈ ਮਹੀਨਾਵਾਰ ਮੀਟਿੰਗਾਂ ਕਰਦੀ ਹੈ। ਮੁੱਖ ਮਹਿਮਾਨ ਸ਼ੰਮੀ ਚੌਧਰੀ ਨੇ ਐਸੋਸੀਏਸ਼ਨ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਬੀ.ਐਸ. ਪਠਾਨੀਆ, ਵਿਨੈ ਮਹਾਜਨ, ਬਿਸ਼ਨ ਦਾਸ, ਸੁਨੀਲ ਸੇਠੀ, ਸੀ.ਪੀ. ਮਹਿਤਾ, ਰਵੀ ਧੀਮਾਨ, ਚਮਨ ਲਾਲ, ਐਸ.ਕੇ. ਮਲਹੋਤਰਾ, ਕੈਲਾਸ਼ ਸੇਠ, ਕੇ.ਐਸ. ਖੁਰਾਣਾ, ਵੀ.ਕੇ. ਕੋਹਲੀ, ਪੀ.ਸੀ. ਅਰੋੜਾ, ਐਸ.ਕੇ. ਸ਼ਰਮਾ, ਐਸ.ਸੀ. ਗੁਪਤਾ, ਜੀਤ ਰਾਜ, ਅਰੁਣ, ਮਹਾਜਨ ਭੱਲਾ, ਸ਼ਿਵ ਕੁਮਾਰ ਭੱਲਾ, ਸ਼ਿਵਾ ਕੁਮਾਰ, ਵੀ.ਐਸ.ਕੇ. ਮਾਜਰਾ, ਕੇ.ਜੀ. ਗੁਪਤਾ, ਸ਼ਾਮ ਸੁੰਦਰ, ਤਿਲਕ ਰਾਜ, ਕੁਲਵੰਤ ਸਿੰਘ, ਗੁਲਰਾਜ ਰਾਏ, ਸੱਤਪਾਲ ਅੱਤਰੀ, ਰਮੇਸ਼ ਕੁਮਾਰ, ਪ੍ਰਾਣ ਕਿਸ਼ੋਰ, ਕੁਲਦੀਪ ਸਿੰਘ, ਨੰਦ ਕਿਸ਼ੋਰ, ਐਸ.ਪੀ. ਧਵਨ, ਐਸ.ਪੀ. ਸਹਿਗਲ, ਜੇ.ਐਸ. ਵਾਲੀਆ, ਸੁਨੀਤਾ ਸ਼ਰਮਾ, ਸਨੇਹ ਮਹਾਜਨ, ਮਲਿਕਤ ਚਾਵਲਾ, ਅਸ਼ੋ ਲਲਕਾ ਅਤੇ ਜਗਮੋਹਨ ਸਿੰਘ ਆਦਿ ਹਾਜ਼ਰ ਸਨ।




ਐਸ.ਬੀ.ਆਈ. ਪੈਨਸ਼ਨਰਜ਼ ਐਸੋਸੀਏਸ਼ਨ ਮੁੱਖ ਮਹਿਮਾਨ ਸ਼ੰਮੀ ਚੌਧਰੀ ਦਾ ਸਨਮਾਨ ਕਰਦੇ ਹੋਏ। ਤਸਵੀਰ: ਸੰਧੂ


## ਮਨਸੋਤਰਾ ਬਰਾਦਰੀ ਦੀ ਮੇਲ 5 ਨੂੰ

ਗੁਰਦਾਸਪੁਰ, 28 ਅਕਤੂਬਰ (ਅਸ਼ੋਕ ਸ਼ਰਮਾ)-ਮਨਸੋਤਰਾ ਬਰਾਦਰੀ ਦੀ ਸਲਾਨਾ ਮੇਲ 5 ਨਵੰਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਜਿਸ ਦੀਆਂ ਤਿਆਰੀਆਂ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ। ਇਸ ਸਬੰਧੀ ਪ੍ਰਧਾਨ ਬਿਮਲ ਸ਼ਰਮਾ, ਨੰਬਰਦਾਰ ਪ੍ਰਸ਼ੋਤਮ ਲਾਲ ਸ਼ਰਮਾ, ਸੇਵਾ ਮੁਕਤ ਡਿਪਟੀ ਕਮਾਡੈਂਟ ਵਰਿੰਦਰ ਕੁਮਾਰ ਮਨਸੋਤਰਾ, ਕੈਪਟਨ ਮਦਨ ਸ਼ਰਮਾ, ਮਾਸਟਰ ਨਰੇਸ਼ ਕੁਮਾਰ, ਰਮੇਸ਼ ਕੁਮਾਰ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਦਾਤੀ ਬਾਵਾ ਨੂੰ ਸਵੇਰੇ ਇਸ਼ਨਾਨ ਕਰਵਾਉਣ ਤੋਂ ਬਾਅਦ ਹਵਨ ਯੱਗ ਹੋਵੇਗਾ। ਉਪਰੰਤ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਸਲਾਨਾ ਮੇਲ ਸਾਂਬਾ ਕੋਟਲੀ ਜੰਮੂ ਕਸ਼ਮੀਰ, ਕ੍ਰਿਸ਼ਨਾ ਨਗਰ ਭੋਆ, ਕਰਾਲ ਵਿਖੇ ਮਨਾਈ ਜਾਂਦੀ ਹੈ। ਇਸ ਮੇਲ ਵਿਚ ਉੱਤਰੀ ਭਾਰਤ ਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਸਯੋਤੀ ਮਾਤਾ ਦੇ ਨਤਮਸਤਕ ਹੁੰਦੀਆਂ ਹਨ, ਜਿਨ੍ਹਾਂ ਦੇ ਨਵੇਂ ਵਿਆਹ ਤੇ ਪੁੱਤਰ ਦੀ ਦਾਤ ਬਖ਼ਸ਼ਿਸ਼ ਹੋਵੇ, ਉਹ ਲਾਲ ਝੰਡੇ ਲੈ ਕੇ ਦਰਬਾਰ ਵਿਚ ਢੋਲ ਧਮਾਕੇ ਨਾਲ ਪਹੁੰਚਦੇ ਹਨ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਜਾਏ ਜਾਣ ਵਾਲੇ ਨਗਰ ਕੀਰਤਨ ਸੰਬੰਧੀ ਡਿਪਟੀ ਕਮਿਸ਼ਨਰ ਵਲੋਂ ਵੱਖ-ਵੱਖ ਸਥਾਨਾਂ ਦਾ ਦੌਰਾ

ਪਠਾਨਕੋਟ, 28 ਅਕਤੂਬਰ (ਸੰਧੂ)-ਅੱਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਸਮਰਪਿਤ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਪਠਾਨਕੋਟ ਪਹੁੰਚ ਨੂੰ ਲੈ ਕੇ ਅਗੇਤੇ ਕੀਤੇ ਜਾਣ ਵਾਲੇ ਪ੍ਰਬੰਧਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਪਠਾਨਕੋਟ ਡਾ: ਪੱਲਵੀ ਵਲੋਂ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਵੱਖ-ਵੱਖ ਸਥਾਨਾਂ ਦਾ ਦੌਰਾ ਕੀਤਾ ਤੇ ਅਗੇਤੇ ਕੀਤੇ ਜਾਣ ਵਾਲੇ ਪ੍ਰਬੰਧਾਂ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਦਿਸ਼ਾ ਨਿਰਦੇਸ਼ ਵੀ ਜਾਰੀ ਕੀਤੇ। ਇਸ ਮੌਕੇ ਐਸ.ਐਸ.ਪੀ. ਪਠਾਨਕੋਟ ਦਲਜਿੰਦਰ ਸਿੰਘ ਢਿੱਲੋਂ, ਆਰ.ਟੀ.ਓ. ਪਠਾਨਕੋਟ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਅਰਸ਼ਦੀਪ ਸਿੰਘ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਪਹਿਲਾ ਮਾਧੋਪੁਰ ਵਿਖੇ ਜਿੱਥੇ ਨਗਰ ਕੀਰਤਨ ਦਾ ਸਵਾਗਤ ਕੀਤਾ ਜਾਣਾ ਹੈ, ਇਸ ਤੋਂ ਬਾਅਦ ਜਿੱਥੇ ਸਥਾਨਾਂ 'ਤੇ ਸੰਗਤ ਲਈ ਲੰਗਰ ਲਗਾਏ ਜਾਣੇ ਹਨ ਤੇ ਜਿੱਥੇ ਸੰਗਤ ਦਾ ਠਹਿਰਾਓ ਕਰਨਾ ਹੈ (ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਪਠਾਨਕੋਟ) ਵੀ ਵਿਜ਼ਟ ਕੀਤੀ ਗਈ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਪਠਾਨਕੋਟ ਮਲਟੀਪਰਪਜ਼ ਸਪੋਰਟਸ ਸਟੇਡੀਅਮ ਲਮੀਨੀ ਵਿਖੇ ਪਹੁੰਚੇ। ਜ਼ਿਕਰਯੋਗ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਸਮਰਪਿਤ ਉਪਰੋਕਤ ਸਥਾਨ 'ਤੇ ਗੁਰੂ ਜੀ ਦੇ ਜੀਵਨ 'ਤੇ ਆਧਾਰਿਤ ਇਕ ਲਾਈਟ ਐਂਡ ਸਾਊਂਡ ਸ਼ੋਅ ਵੀ ਕਰਵਾਇਆ ਜਾ ਰਿਹਾ ਹੈ। ਜਿਸ ਦੀਆਂ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਸਬੰਧਿਤ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਤੇ ਅਧਿਕਾਰੀਆਂ ਦੀਆਂ ਵੱਖ-ਵੱਖ ਕਾਰਜਾਂ ਲਈ ਡਿਊਟੀਆਂ ਵੀ ਲਗਾਈਆਂ।





ਡਿਪਟੀ ਕਮਿਸ਼ਨਰ ਪਠਾਨਕੋਟ ਡਾ. ਪੱਲਵੀ ਵੱਖ-ਵੱਖ ਸਥਾਨਾਂ ਦਾ ਦੌਰਾ ਕਰਦੇ ਹੋਏ। ਤਸਵੀਰਾਂ: ਸੰਧੂ

## ਜੀ.ਜੀ.ਐਸ. ਬਾਕਸਿੰਗ ਕਲੱਬ ਬਖ਼ਤਪੁਰ ਦੇ ਖਿਡਾਰੀਆਂ ਨੇ ਇੰਟਰ ਕਾਲਜ ਵੂਸ਼ੂ 'ਚੋਂ ਜਿੱਤੇ ਤਗਮੇ

ਤਿੱਬੜ, 28 ਅਕਤੂਬਰ (ਭੁਪਿੰਦਰ ਸਿੰਘ ਬੋਪਾਰਾਏ)-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖ਼ਤਪੁਰ ਵਿਖੇ ਚੱਲ ਰਹੇ ਜੀ.ਜੀ.ਐਸ ਬਾਕਸਿੰਗ ਕਲੱਬ ਦੇ ਖਿਡਾਰੀਆਂ ਨੇ ਇੰਟਰ ਕਾਲਜ ਵੂਸ਼ੂ ਮੁਕਾਬਲਿਆਂ ਵਿਚ ਸੋਨੇ ਤੇ ਕਾਂਸੇ ਦੇ ਤਗਮੇ ਜਿੱਤ ਕੇ ਆਪਣੇ ਸਕੂਲ, ਮਾਪਿਆਂ ਤੇ ਕਲੱਬ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਸਬੰਧੀ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ 26 ਅਕਤੂਬਰ ਨੂੰ ਕਰਵਾਏ ਇੰਟਰ ਕਾਲਜ ਵੂਸ਼ੂ ਚੈਂਪੀਅਨਸ਼ਿਪ 'ਚ 48-52 ਕਿੱਲੋ ਭਾਰ ਵਰਗ 'ਚ ਕਲੱਬ ਦੀ ਖਿਡਾਰਨ ਮਨਜੀਤ ਕੌਰ ਨੇ ਗੋਲਡ ਮੈਡਲ ਤੇ 56-60 ਕਿੱਲੋ ਭਾਰ ਵਰਗ ਵਿਚ ਕਲੱਬ ਦੇ ਖਿਡਾਰੀ ਅਭੈਦੀਪ ਸਿੰਘ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ ਹੈ।

ਸੰਪਾਦਕ-ਰਾਜਿੰਦਰ ਸਿੰਘ। ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਲਿੱਧੜਾਂ, ਜਲੰਧਰ ਤੋਂ ਛਪਵਾ ਕੇ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: 7107/59

Editor- Rajinder Singh. Printer, Publisher and Secretary Parkash Kaur Hamdard. Printed for Sadhu Singh Hamdard Trust at Daily Ajit Printers, Lidhran, Jalandhar and Published from Nehru Garden Road, Jalandhar
RNI Regd. No:- 7107/59